**जगत प्रकाश नड्डा**
राष्ट्रीय अध्यक्ष

**भारतीय जनता पार्टी**
**Bharatiya Janata Party**

ਸਤਿਕਾਰ ਯੋਗ ਕੈਪਟਨ ਅਮਰਿੰਦਰ ਸਿੰਘ ਜੀ,

ਮੈਨੂੰ ਮੀਡਿਆ ਰਾਹੀਂ ਤੁਹਾਡੇ ਵੱਲੋਂ 1 ਨਵੰਬਰ 2020 ਨੂੰ ਲਿਖੀ ਗਈ ਕਿਸੇ ਚਿੱਠੀ ਬਾਰੇ ਪਤਾ ਲੱਗਿਆ ਹੈ, ਹਾਲਾਂਕਿ ਅਜੇਹੀ ਕੋਈ ਵੀ ਚਿੱਠੀ ਮੈਨੂੰ ਅਜੇ ਤਕ ਵੀ ਨਹੀਂ ਮਿਲੀ। ਮੈਨੂੰ ਜਾਪਦਾ ਹੈ ਕਿ ਤੁਸੀਂ ਇਹ ਚਿੱਠੀ ਮੈਨੂੰ ਭੇਜਣ ਦੀ ਬਜਾਏ ਕੇਵਲ ਮੀਡਿਆ ਨੂੰ ਜਾਰੀ ਕਰਨ ਵਾਸਤੇ ਹੀ ਤਿਆਰ ਕੀਤੀ ਸੀ, ਜਿਸ ਤੋਂ ਸਪਸ਼ਟ ਹੈ ਕਿ ਤੁਹਾਡਾ ਮਕਸਦ ਸਿਰਫ ਅਤੇ ਸਿਰਫ ਸਿਆਸੀ ਹੈ ਅਤੇ ਤੁਹਾਨੂੰ ਇਸ ਚਿੱਠੀ ਵਿਖੇ ਉਠਾਏ ਗਏ ਮਸਲਿਆਂ ਦੇ ਹਲ ਵਿਚ ਕੋਈ ਦਿਲਚਸਪੀ ਨਹੀਂ ਹੈ। ਫੇਰ ਵੀ, ਮੈਂ ਇਸ ਚਿੱਠੀ, ਜੋ ਮੀਡਿਆ ਰਾਹੀਂ ਮੇਰੀ ਜਾਣਕਾਰੀ ਵਿਚ ਆਈ ਹੈ, ਉਸਦਾ ਜਵਾਬ ਤੁਹਾਨੂੰ ਭੇਜ ਰਿਹਾ ਹਾਂ, ਤਾਂਕਿ ਤੁਹਾਡੇ ਵੱਲੋਂ ਜਨਤਾ ਨੂੰ ਜਾਣਬੁਝ ਕੇ ਗੁਮਰਾਹ ਕਰਨ ਦਾ ਮਨਸੂਬਾ ਕਾਮਯਾਬ ਨਾ ਹੋ ਸਕੇ।

ਇਸ ਸਬੰਧ ਵਿਚ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਭਾਰਤ ਦੀ ਸੰਸਦ ਨੇ ਸੰਸਦ ਦੇ ਦੋਵਾਂ ਸਦਨਾਂ, ਲੋਕ ਸਭਾ ਅਤੇ ਰਾਜ ਸਭਾ, ਵਿਚ ਇਸ ਮੁੱਦੇ 'ਤੇ ਚੰਗੀ ਤਰ੍ਹਾਂ ਵਿਚਾਰ-ਵਟਾਂਦਰੇ ਤੋਂ ਬਾਅਦ 3 ਐਕਟ *(ਕਿਸਮਾਂ (ਸਸ਼ਕਤੀਕਰਣ ਅਤੇ ਸੁਰੱਖਿਆ) ਮੁੱਲ ਅਸ਼ੋਰੈਂਸ ਅਤੇ ਫਾਰਮ ਸਰਵਿਸਿਜ਼ ਐਕਟ, 2020, ਕਿਸਾਨ ਉਤਪਾਦਨ ਵਪਾਰ ਅਤੇ ਵਣਜ (ਉਤਸ਼ਾਹ ਅਤੇ ਸਹੂਲਤ) ਐਕਟ, 2020 ਅਤੇ ਜ਼ਰੂਰੀ ਵਸਤਾਂ (ਸੋਧ) ਐਕਟ, 2020)* ਪਾਸ ਕੀਤੇ। ਇਸ ਬਹਿਸ ਵਿੱਚ ਤੁਹਾਡੀ ਪਾਰਟੀ ਇੰਡਿਅਨ ਨੈਸ਼ਨਲ ਕਾਂਗਰਸ ਦੇ ਮੈਂਬਰਾਂ ਸਮੇਤ ਸਾਰੀਆਂ ਰਾਜਨੀਤਿਕ ਪਾਰਟੀਆਂ ਦੇ ਮੈਂਬਰਾਂ ਨੇ ਭਾਗ ਲਿਆ। ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਇੰਡਿਅਨ ਨੈਸ਼ਨਲ ਕਾਂਗਰਸ ਦੇ ਚੋਣ ਮੈਨੀਫ਼ੈਸਟੋ ਵਿਚ ਵੀ ਇਹ ਕਿਹਾ ਗਿਆ ਸੀ ਕਿ ਤੁਸੀਂ ਸੱਤਾ ਵਿਚ ਆਉਣ ਦੀ ਸੂਰਤ ਵਿਚ ਅਜਿਹੇ ਕਾਨੂੰਨ ਬਣਾਓਗੇ। ਇਹ ਐਕਟ ਕਿਸਾਨਾਂ ਦੇ ਸਰਬੋਤਮ ਹਿੱਤ ਵਿੱਚ ਹਨ ਅਤੇ ਉਨ੍ਹਾਂ ਦਾ ਮਕਸਦ ਕਿਸਾਨਾਂ ਦੀ ਆਮਦਨੀ ਵਿੱਚ ਵਾਧਾ ਕਰਨਾ ਹੈ ਅਤੇ ਕਿਸਾਨਾਂ ਨੂੰ ਆਪਣੀ ਉਪਜ ਵੇਚਣ ਲਈ ਜ਼ਯਾਦਾ ਵਿਕਲਪ ਮੁਹੱਈਆ ਗਏ ਹਨ। ਤੁਸੀਂ ਇਹ ਵੀ ਜਾਣਦੇ ਹੋਵੋਗੇ ਕਿ ਐਕਟ ਨੇ ਐਮ. ਐਸ. ਪੀ. ਨੂੰ ਖ਼ਤਮ ਨਹੀਂ ਕੀਤਾ ਅਤੇ ਐਮ. ਐਸ. ਪੀ. ਨੂੰ ਖ਼ਤਮ ਕਰਨ ਦਾ ਕੋਈ ਇਰਾਦਾ ਵੀ ਨਹੀਂ ਦਰਸ਼ਾਈਆ। ਪੰਜਾਬ ਦੇ ਕਿਸਾਨ ਹਮੇਸ਼ਾਂ ਦੇਸ਼ ਦਾ ਮਾਣ ਰਹੇ ਹਨ ਅਤੇ ਇਸੇ ਕਾਰਨ ਹੀ ਕੇਂਦਰ ਸਰਕਾਰ ਪੰਜਾਬ ਰਾਜ ਨੂੰ ਐਮ. ਐਸ. ਪੀ. ਖਰੀਦ ਦੇ ਮਾਮਲਿਆਂ ਵਿੱਚ ਸਭ ਤੋਂ ਵੱਧ ਤਰਜੀਹ ਦਿੰਦੀ ਹੈ। ਇਹ ਉਮੀਦ ਕੀਤੀ ਜਾਂਦੀ ਸੀ ਕਿ ਚੋਣ ਮੈਨੀਫ਼ੈਸਟੋ ਵਿਚ ਤੁਹਾਡੇ ਆਪਣੇ ਵਾਅਦੇ ਤੋਂ ਬਾਅਦ ਅਤੇ ਸੰਸਦ ਦੁਆਰਾ ਅਜਿਹੇ ਕਾਨੂੰਨਾਂ ਨੂੰ ਪਾਸ ਕੀਤੇ ਜਾਣ ਤੋਂ ਬਾਅਦ ਅਤੇ, ਉਹ ਵੀ, ਵਿਸਤਾਰਪੂਰਬਕ ਬਹਿਸ ਅਤੇ ਵਿਸਤਾਰਪੂਰਕ ਵਿਚਾਰ ਵਟਾਂਦਰੇ ਤੋਂ ਬਾਅਦ, ਤੁਸੀਂ ਅਤੇ ਤੁਹਾਡੀ

ਪਾਰਟੀ, ਭਾਰਤ ਦੇ ਜ਼ਿੰਮੇਵਾਰ ਨਾਗਰਿਕ ਹੋਣ ਦੇ ਨਾਤੇ, ਇਸ ਕਾਨੂੰਨ ਦਾ ਸਤਿਕਾਰ ਕਰੋਗੇ ਅਤੇ ਭਾਰਤ ਦੀ ਸੰਸਦ ਦੁਆਰਾ ਬਣਾਏ ਕਾਨੂੰਨ ਦੇ ਨਾਲ ਖੜੇ ਹੋਵੋਗੇ।

ਬਦਕਿਸਮਤੀ ਨਾਲ, ਤੁਸੀਂ ਅਤੇ ਤੁਹਾਡੀ ਪਾਰਟੀ ਨੇ ਸ਼ਿਸ਼ਟਾਚਾਰ ਅਤੇ ਸ਼ਾਲੀਨਤਾ ਦੀਆਂ ਸਾਰੀਆਂ ਹੱਦਾਂ ਨੂੰ ਪਾਰ ਕਰਦਿਆਂ ਇਹਨਾਂ ਕਾਨੂੰਨਾਂ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਤੁਸੀਂ ਅਤੇ ਤੁਹਾਡੀ ਪਾਰਟੀ ਨੇ ਪੰਜਾਬ ਰਾਜ ਵਿੱਚ ਇਹਨਾਂ ਕਾਨੂੰਨਾਂ ਵਿਰੁੱਧ ਅੰਦੋਲਨ ਨੂੰ ਖੁੱਲ੍ਹ ਕੇ ਉਤਸ਼ਾਹਿਤ ਕੀਤਾ, ਧਰਨੇ ਅਤੇ ਰੈਲੀਆਂ ਵਿੱਚ ਸ਼ਮੂਲੀਅਤ ਕੀਤੀ ਅਤੇ ਬਹੁਤ ਹੀ ਭੜਕਾਊ ਬਿਆਨ ਜਾਰੀ ਕੀਤੇ ਅਤੇ ਇਨ੍ਹਾਂ ਕਾਨੂੰਨਾਂ ਵਿਰੁੱਧ ਅੰਦੋਲਨ ਨੂੰ ਪੂਰੀ ਸ਼ਹਿ ਦਿੱਤੀ। ਤੁਹਾਡੀ ਸਰਕਾਰ ਨੇ ਖੁੱਲੇ ਤੌਰ ਤੇ ਇਹ ਐਲਾਨ ਕਰਦਿਆਂ ਅੱਗ ਤੇ ਤੇਲ ਪਾਇਆ ਕਿ ਤੁਸੀਂ ਉਹਨਾਂ ਲੋਕਾਂ ਦੇ ਖਿਲਾਫ਼ ਕੋਈ ਐਫ.ਆਈ.ਆਰ. ਆਦਿ ਦਰਜ ਨਹੀਂ ਕਰੋਗੇ, ਭਾਵੇਂ ਉਹ ਸੜਕਾਂ ਤੇ ਧਰਨੇ, ਰੇਲਵੇ ਟ੍ਰੈਕ ਰੋਕਣਾ ਆਦਿ ਵਿਚ ਸ਼ਾਮਿਲ ਹੁੰਦੇ ਹਨ। ਇੰਨਾ ਹੀ ਨਹੀਂ, ਤੁਸੀਂ ਕੇਂਦਰੀ ਐਕਟ ਦੇ ਵਿਰੁੱਧ ਰਾਜ ਦੇ ਕਾਨੂੰਨਾਂ ਨੂੰ ਪਾਸ ਕਰਕੇ ਇਕ ਕਦਮ ਹੋਰ ਅੱਗੇ ਵੱਧ ਗਏ, ਜੋ ਇਸ ਸਮੇਂ ਸਮਰੱਥ ਅਧਿਕਾਰੀ ਦੇ ਸਾਹਮਣੇ ਵਿਚਾਰ ਅਧੀਨ ਹਨ।

ਕੈਪਟਨ ਅਮਰਿੰਦਰ ਸਿੰਘ ਜੀ, ਰਾਜ ਦੇ ਮੁੱਖ ਮੰਤਰੀ ਹੋਣ ਦੇ ਨਾਤੇ, ਤੁਸੀਂ ਸਹਿਮਤ ਹੋਵੋਗੇ ਕਿ ਕਿਸੇ ਨੂੰ ਵੀ ਕਿਸੇ ਵੀ ਅੰਦੋਲਨ ਵਿਚ ਸੜਕਾਂ, ਰੇਲਵੇ ਟਰੈਕਾਂ ਆਦਿ ਨੂੰ ਰੋਕਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ ਅਤੇ ਜੇ ਕੋਈ ਅੰਦੋਲਨ ਕੀਤਾ ਜਾਣਾ ਹੈ, ਤਾਂ ਇਸ ਨੂੰ ਸੜਕਾਂ, ਰੇਲਵੇ ਟ੍ਰੈਕਾਂ, ਰੇਲਵੇ ਸਟੇਸ਼ਨਾਂ, ਆਦਿ ਤੋਂ ਇਲਾਵਾ ਹੋਰ ਥਾਂਵਾਂ ਤੇ ਕੀਤਾ ਜਾਣਾ ਚਾਹੀਦਾ ਹੈ ਤਾਂਕਿ ਕਿਸੇ ਕਿਸਮ ਦੀ ਆਵਾਜਾਈ ਤੇ ਅਸਰ ਨਾ ਪਵੇ। ਇਹ ਗੱਲ ਮਾਣਯੋਗ ਸੁਪਰੀਮ ਕੋਰਟ ਨੇ ਵੀ ਆਪਣੇ ਫੈਸਲੇ **2009 (5) SCC 212** ***Destruction of Public and Private Properties vs. State of Andhra Pradesh & Others*** ਵਿਚ ਕਹੀ ਹੈ।

ਮੈਨੂੰ ਬਹੁਤ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਤੁਸੀਂ, ਤੁਹਾਡੀ ਪਾਰਟੀ ਅਤੇ ਪੰਜਾਬ ਵਿਚ ਤੁਹਾਡੀ ਸਰਕਾਰ ਨੇ ਸੁਪਰੀਮ ਕੋਰਟ ਦੀਆਂ ਹਦਾਇਤਾਂ ਦਾ ਵੀ ਕੋਈ ਸਤਿਕਾਰ ਨਹੀਂ ਦਿਖਾਇਆ ਅਤੇ ਸੜਕਾਂ, ਰੇਲਵੇ ਟਰੈਕਾਂ, ਰੇਲਵੇ ਸਟੇਸ਼ਨਾਂ, ਆਦਿ ਦੀ ਨਾਕਾਬੰਦੀ ਨੂੰ ਖੁੱਲ੍ਹੇ ਆਮ ਉਤਸ਼ਾਹਿਤ ਕੀਤਾ ਹੈ। ਸਾਰੀਆਂ ਰੁਕਾਵਟਾਂ ਦੇ ਬਾਵਜੂਦ ਕੇਂਦਰ ਸਰਕਾਰ ਨੇ ਝੋਨੇ ਦੀ ਖਰੀਦ ਨੂੰ ਪਹਿਲ ਦਿੱਤੀ। ਪੰਜਾਬ ਵਿੱਚ ਹੁਣ ਤੱਕ ਦੀ ਪ੍ਰਗਤੀ ਕੇਂਦਰ ਸਰਕਾਰ ਦੇ ਇਮਾਨਦਾਰ ਇਰਾਦੇ ਦੀ ਪੁਸ਼ਟੀ ਕਰਦੀ ਹੈ ਕਿ ਉਹ ਪੰਜਾਬ ਦੇ ਕਿਸਾਨਾਂ ਦਾ ਪੱਖ ਪੂਰਨ ਅਤੇ ਉਨ੍ਹਾਂ ਨੂੰ ਵਧੇਰੇ ਆਮਦਨੀ ਕਮਾਉਣ ਵਿੱਚ ਸਹਾਇਤਾ ਕਰਨ ਲਈ ਵਚਨਬੱਧ ਹੈ।

25 ਅਕਤੂਬਰ, 2020 ਦੇ ਤੁਹਾਡੇ ਪੱਤਰ ਦੇ ਜਵਾਬ ਵਿਚ ਭਾਰਤ ਸਰਕਾਰ ਦੇ ਰੇਲਵੇ ਮੰਤਰੀ ਸ੍ਰੀ ਪਿਯੂਸ਼ ਗੋਯਲ ਨੇ ਆਪਣੇ ਪੱਤਰ ਮਿਤੀ 26 ਅਕਤੂਬਰ, 2020 ਰਾਹੀਂ ਤੁਹਾਨੂੰ ਉਨ੍ਹਾਂ ਕਾਰਨਾਂ ਬਾਰੇ ਦੱਸਿਆ ਜਿਨ੍ਹਾਂ ਕਰਕੇ ਪੰਜਾਬ ਵਿੱਚ ਰੇਲ ਗੱਡੀਆਂ ਚਲਾਉਣਾ ਸੰਭਵ ਨਹੀਂ ਹੈ। ਉਹਨਾਂ ਨੇ ਇਹ ਵੀ ਕਿਹਾ ਕਿ ਭਾਰਤ ਸਰਕਾਰ ਪੰਜਾਬ ਵਿਚ ਸਿਰਫ ਮਾਲ ਹੀ ਨਹੀਂ, ਸਗੋਂ

ਯਾਤਰੀਆਂ ਦੀਆਂ ਰੇਲ ਗੱਡੀਆਂ ਵੀ ਚਲਾਉਣਾ ਚਾਹੁੰਦੀ ਹੈ। ਬਦਕਿਸਮਤੀ ਨਾਲ, ਤੁਸੀਂ ਅਤੇ ਤੁਹਾਡੀ ਸਰਕਾਰ ਨੇ ਰੇਲਵੇ ਟ੍ਰੈਕਾਂ ਨੂੰ ਖਾਲੀ ਕਰਵਾਉਣ, ਰੇਲਵੇ ਟਰੈਕਾਂ ਦੀ ਸੁਰੱਖਿਆ ਦੇ ਨਾਲ-ਨਾਲ ਰੇਲ ਗੱਡੀਆਂ ਦਾ ਸੰਚਾਲਨ ਕਰਨ ਵਾਲੇ ਰੇਲਵੇ ਸਟਾਫ਼ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕੋਈ ਕਦਮ ਨਹੀਂ ਚੁੱਕੇ, ਜਿਸ ਨਾਲ ਪੰਜਾਬ ਵਿਚ ਰੇਲ ਗੱਡੀਆਂ ਚਲਾਉਣ ਦਾ ਰਾਹ ਪੱਧਰਾ ਹੋ ਸਕਦਾ ਸੀ।

ਮੈਂ ਪੰਜਾਬ ਰਾਜ ਦੀ ਸਥਿਤੀ ਬਾਰੇ ਤੁਹਾਡੀ ਚਿੰਤਾ ਸਾਂਝੀ ਕਰਦਾ ਹਾਂ, ਪਰ ਮੇਰੇ ਖਿਆਲ ਵਿਚ ਤੁਸੀਂ ਪੰਜਾਬ ਰਾਜ ਵਿਚ ਆਈ ਮੰਦਭਾਗੀ ਸਥਿਤੀ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹੋ। ਭਾਰਤ ਸਰਕਾਰ ਪੰਜਾਬ ਰਾਜ ਵਿਚ ਰੇਲ ਗੱਡੀਆਂ ਚਲਾਉਣ ਲਈ ਬਹੁਤ ਉਤਸੁਕ ਹੈ, ਪਰ ਬਦਕਿਸਮਤੀ ਨਾਲ ਤੁਸੀਂ ਉਹ ਭੂਮਿਕਾ ਨਹੀਂ ਨਿਭਾ ਰਹੇ ਜਿਸਦੀ ਉਮੀਦ ਤੁਹਾਡੇ ਅਤੇ ਤੁਹਾਡੀ ਸਰਕਾਰ ਦੁਆਰਾ ਪੰਜਾਬ ਰਾਜ ਵਿਚ ਕੀਤੀ ਜਾ ਸਕਦੀ ਹੈ।

ਇਹ ਕਹਿਣ ਦੀ ਜ਼ਰੂਰਤ ਨਹੀਂ ਹੈ ਕਿ ਪੰਜਾਬ ਸਮੇਤ ਸਮੁੱਚੇ ਦੇਸ਼ ਦੇ ਕਿਸਾਨਾਂ ਨੇ ਪੂਰੇ ਦੇਸ਼ ਦੇ ਵਿਕਾਸ ਅਤੇ ਵਿਕਾਸ ਲਈ ਬਹੁਤ ਵੱਡਾ ਯੋਗਦਾਨ ਪਾਇਆ ਹੈ। ਭਾਜਪਾ ਕਿਸਾਨਾਂ ਨੂੰ ਉੱਚ ਸਨਮਾਨ ਵਿੱਚ ਰੱਖਦੀ ਹੈ ਅਤੇ ਉਨ੍ਹਾਂ ਦੀ ਬਿਹਤਰੀ ਲਈ ਸਕਾਰਾਤਮਕ ਕਦਮ ਚੁੱਕਣ ਲਈ ਹਮੇਸ਼ਾਂ ਵਚਨਬੱਧ ਹੈ। ਅਸਲ ਵਿਚ, ਇਹ 3 ਐਕਟ ਕਿਸਾਨਾਂ ਦੀ ਮਦਦ ਕਰਨ, ਉਨ੍ਹਾਂ ਨੂੰ ਵਿਚੋਲੇ ਦੇ ਚੁੰਗਲ ਵਿਚੋਂ ਬਾਹਰ ਕੱਢਣ ਅਤੇ ਉਨ੍ਹਾਂ ਨੂੰ ਪੂਰੇ ਦੇਸ਼ ਵਿਚ ਉਨ੍ਹਾਂ ਦੇ ਉਤਪਾਦਾਂ ਨੂੰ ਦੇਸ਼ ਵਿਚ ਕਿਤੇ ਵੀ ਵੇਚਣ ਲਈ ਲਾਗੂ ਕੀਤੇ ਗਏ ਹਨ।

ਤੁਸੀਂ 2013-14 ਅਤੇ ਅੱਜ ਦੇ ਵਿਚਕਾਰ ਵੱਖ-ਵੱਖ ਖੇਤੀਬਾੜੀ ਮਾਪਦੰਡਾਂ ਵਿੱਚ ਵੱਡੇ ਪੱਧਰ 'ਤੇ ਸੁਧਾਰ ਬਾਰੇ ਜਾਣੂ ਹੋਵੋਗੇ। ਉਤਪਾਦਨ ਦੀ ਲਾਗਤ ਤੋਂ ਘੱਟੋ ਘੱਟ 50 ਪ੍ਰਤੀਸ਼ਤ ਜ਼ਯਾਦਾ ਦੀ ਆਮਦਨ ਨੂੰ ਯਕੀਨੀ ਬਣਾਉਣ ਲਈ ਸਵਾਮੀਨਾਥਨ ਕਮੇਟੀ ਦੀਆਂ ਸਿਫ਼ਾਰਸ਼ਾਂ ਦੇ ਅਨੁਸਾਰ ਐਮ. ਐਸ. ਪੀ. ਵਿੱਚ ਵਾਧਾ ਕੀਤਾ ਗਿਆ ਹੈ। ਝੋਨੇ ਅਤੇ ਕਣਕ ਦੇ ਘੱਟੋ ਘੱਟ ਸਮਰਥਨ ਮੁੱਲ ਵਿੱਚ ਕ੍ਰਮਵਾਰ 43% ਅਤੇ 41% ਦਾ ਵਾਧਾ ਹੋਇਆ ਹੈ, ਝੋਨੇ ਅਤੇ ਕਣਕ ਦੀ ਖਰੀਦ ਦੇ ਕੁਲ ਮੁੱਲ ਵਿੱਚ ਕ੍ਰਮਵਾਰ 138% ਅਤੇ 122% ਦਾ ਵਾਧਾ ਹੋਇਆ ਹੈ। ਮੌਜੂਦਾ ਸਾਉਣੀ ਦੇ ਸੀਜ਼ਨ ਵਿਚ ਵੀ ਪਿਛਲੇ ਸਾਲ ਦੇ ਮੁਕਾਬਲੇ ਪੰਜਾਬ ਵਿਚ ਝੋਨੇ ਦੀ ਖਰੀਦ ਵਿਚ 30% ਅਤੇ ਪੂਰੇ ਭਾਰਤ ਵਿਚ 19% ਦਾ ਵਾਧਾ ਹੋਇਆ ਹੈ। ਉਪਰੋਕਤ ਸਾਰੇ ਤੱਥ ਪੰਜਾਬ ਦੇ ਕਿਸਾਨਾਂ ਪ੍ਰਤੀ ਭਾਜਪਾ ਦੀ ਵਚਨਵੱਧਤਾ ਦੇ ਸਬੂਤ ਹਨ।

ਸਾਡੇ ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀਮਾਨ ਨਰਿੰਦਰ ਮੋਦੀ ਜੀ ਨੇ ਬਾਰ ਬਾਰ ਕਿਹਾ ਹੈ ਕਿ ਐਮ. ਐਸ. ਪੀ. ਨੂੰ ਵਾਪਸ ਨਹੀਂ ਲਿਆ ਜਾਏਗਾ ਅਤੇ ਐਮ. ਐਸ. ਪੀ. ਜਾਰੀ ਰਹੇਗੀ। ਉਸਦਾ ਭਰੋਸਾ ਮੇਰੇ ਅਤੇ ਭਾਰਤ ਦੇ ਖੇਤੀਬਾੜੀ ਮੰਤਰੀ ਦੁਆਰਾ ਵੀ ਦੁਹਰਾਇਆ ਗਿਆ ਹੈ। ਪਰੰਤੂ, ਇਸ ਦੇ ਬਾਵਜੂਦ ਤੁਸੀਂ ਅਤੇ ਤੁਹਾਡੀ ਪਾਰਟੀ, ਸਪੱਸ਼ਟ ਰਾਜਨੀਤਿਕ ਕਾਰਨਾਂ ਕਰਕੇ, ਅਜੇ ਵੀ ਇਹ ਗਲਤ ਬਿਆਨਬਾਜ਼ੀ ਕਰ ਰਹੇ ਹਨ ਕਿ ਐਮ. ਐਸ. ਪੀ. ਵਾਪਸ ਲੈ ਲਈ ਗਈ ਹੈ ਜਾਂ ਵਾਪਸ ਲੈ ਲਈ ਜਾਵੇਗੀ।

ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਤੁਸੀਂ ਆਪਣੇ ਪਾਰਟੀ ਦੇ ਆਗੂਆਂ ਨੂੰ ਅਜਿਹੇ ਝੂਠੇ ਬਿਆਨ ਜਾਰੀ ਕਰਣ ਤੋਂ ਰੋਕੋ, ਜੋ ਸੱਚਾਈ ਤੋਂ ਬਹੁਤ ਦੂਰ ਹਨ, ਜਿਨ੍ਹਾਂ ਵਿਚ ਅੰਦੋਲਨਕਾਰੀਆਂ ਨੂੰ ਸ਼ਹਿ ਦੇਣ ਦਾ ਅਤੇ ਅੰਦੋਲਨ ਨੂੰ ਹੋਰ ਤੇਜ਼ ਕਰਨ ਦਾ ਰੁਝਾਨ ਹੈ, ਜੋ ਪੰਜਾਬ ਰਾਜ ਸਮੇਤ ਪੂਰੇ ਦੇਸ਼ ਦੇ ਹਿੱਤ ਵਿਚ ਨਹੀਂ ਹਨ।

ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਭਾਜਪਾ ਕਿਸਾਨਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਉਹ ਸਾਰੇ ਕਦਮ ਉਠਾ ਰਹੀ ਹੈ ਜੋ ਕਿਸਾਨ, ਕਿਸਾਨੀ, ਖੇਤੀਬਾੜੀ ਅਤੇ ਦੇਸ਼ ਦੇ ਹੱਕ ਵਿੱਚ ਹਨ।

ਧੰਨਵਾਦ ਅਤੇ ਸਤਿਕਾਰ ਸਹਿਤ,

ਤੁਹਾਡਾ,

(ਜਗਤ ਪ੍ਰਕਾਸ਼ ਨੱਡਾ)

ਕੈਪਟਨ ਅਮਰਿੰਦਰ ਸਿੰਘ
ਮਾਨਯੋਗ ਮੁੱਖ ਮੰਤਰੀ, ਪੰਜਾਬ
ਚੰਡੀਗੜ੍ਹ